# ਮੇਰਾ ਪੌਪ-ਅਪ ਰੈਸਟੋਰੈਂਟ (ਪੱਧਰ 1)

| | |
|---|---|
| ਵੇਰਵਾ- | ਆਪਣੇ ਪਰਿਵਾਰ ਲਈ ਭੋਜਨ ਤਿਆਰ ਕਰੋ ਜਿਵੇਂ ਕਿ ਇੱਕ ਰੈਸਟੋਰੈਂਟ/ਢਾਬੇ ਵਿੱਚ ਹੁੰਦਾ ਹੈ, ਜਿਸ ਵਿੱਚ ਖਾਣੇ ਦੀ ਯੋਜਨਾਬੰਦੀ ਸ਼ਾਮਲ ਹੋਵੇਗੀ , ਖਾਣਾ ਪਕਾਉਣਾ ਅਤੇ ਸਜਾਵਟ ਕਰਨਾ ਵੀ ਸ਼ਾਮਿਲ ਹੋਵੇਗਾ। ਪਰਿਵਾਰ ਨਾਲ ਭੋਜਨ ਸਾਂਝਾ ਕਰੋ! |
| ਮੁੱਖ ਪ੍ਰਸ਼ਨ | ਕਿਉਂਕਿ ਸਾਰੇ ਰੈਸਟੋਰੈਂਟ ਬੰਦ ਹਨ, ਕੀ ਅਸੀਂ ਆਪਣੀ ਪੌਪ ਅਪ ਰੈਸਟੋਰੈਂਟ/ਢਾਬਾ ਬਣਾ ਸਕਦੇ ਹਾਂ ਅਤੇ ਘਰ ਵਿਚ ਸਾਡੇ ਮਹਿਮਾਨਾਂ ਨੂੰ ਖਾਣਾ ਪਰੋਸ ਸਕਦੇ ਹਾਂ ? |
| ਕੁੱਲ ਲੋੜੀਂਦਾ ਸਮਾਂ | ਕੁੱਲ 5 ਦਿਨਾਂ ਵਿੱਚ 5-6 ਘੰਟੇ |
| ਲੋੜੀਂਦੀ ਸਮੱਗਰੀ | ਵਿਅੰਜਨ ਵਾਲੀਆਂ ਕਿਤਾਬਾਂ, ਖਾਲੀ ਕਾਗਜ਼ , ਪੈਨਸਿਲ, ਰੰਗ, ਰਸੋਈ ਦੇ ਉਪਕਰਣ, ਖਾਣੇ ਵਾਲੀ ਸਮੱਗਰੀ |
| ਸਿੱਖਣ ਦੇ ਨਤੀਜੇ | 1. ਵਪਾਰ ਕਰਨ ਦੀ ਯੋਜਨਾ ਬਣਾਉਣਾ ਸਿੱਖਣਾ<br>2. ਖਾਣਾ ਕਿਵੇਂ ਤਿਆਰ ਹੁੰਦਾ ਹੈ ਇਹ ਸਮਝਣਾ |

## ਪਹਿਲਾ ਦਿਨ (1)

ਅੱਜ ਤੁਸੀਂ ਆਪਣੇ ਖੁਦ ਦਾ ਰੈਸਟੋਰੈਂਟ/ਢਾਬਾ ਖੋਲ੍ਹਣ ਅਤੇ ਚਲਾਉਣ ਬਾਰੇ ਸਿੱਖੋਗੇ

| ਸੁਝਾਇਆ ਗਿਆ ਸਮਾਂ | ਗਤੀਵਿਧੀ ਅਤੇ ਵੇਰਵਾ |
|---|---|
| 5 ਮਿੰਟ | ਭੋਜਨ ਬਾਰੇ ਗੱਲਬਾਤ ਸ਼ੁਰੂ ਕਰੋ ਅਤੇ ਸਿਖਿਆਰਥੀ ਨੂੰ ਦੱਸੋ ਕਿ ਜ਼ਿਆਦਾਤਰ ਰੈਸਟੋਰੈਂਟ/ਢਾਬੇ ਬੰਦ ਹਨ, ਉਨ੍ਹਾਂ ਨੂੰ ਆਪਣੀ ਪੌਪ-ਰੈਸਟੋਰੈਂਟ ਸ਼ੁਰੂ ਕਰਨ ਤੇ ਘਰ ਵਿੱਚ ਭੋਜਨ ਪੇਸ਼ ਕਰਨ ਦਾ ਮੌਕਾ ਮਿਲੇਗਾ। |
| 5 ਮਿੰਟ | ਸਿਖਿਆਰਥੀ ਕਾਰੋਬਾਰੀ ਯੋਜਨਾ ਦੇ ਨਮੂਨੇ 'ਤੇ ਵਿਚਾਰ ਕਰਨਗੇ, ਉਨ੍ਹਾਂ ਨੂੰ ਕੀ ਕਰਨ ਦੀ ਜ਼ਰੂਰਤ ਹੋਏਗੀ ਆਦਿ।<br>ਕਾਰੋਬਾਰੀ ਯੋਜਨਾ ਦਾ ਨਮੂਨਾ<br>● ਭਾਗ 1: ਪੌਪ-ਅਪ ਰੈਸਟੋਰੈਂਟ ਦਾ ਸੰਕਲਪ: ਰੈਸਟੋਰੈਂਟ ਨੂੰ ਕੀ ਵਿਸ਼ੇਸ਼ ਬਣਾਏਗਾ ?<br>● ਭਾਗ 2: ਤਿਆਰੀ ਕਰਨ ਦੀ ਯੋਜਨਾ : ਮਹਿਮਾਨ ਕੌਣ ਹਨ? ਕਦੋਂ ਅਤੇ ਕਿੱਥੇ ਸਾਡੇ ਕੋਲ ਇਹ ਵਿਸ਼ੇਸ਼ ਭੋਜਨ ਹੋਵੇਗਾ?<br>● ਭਾਗ 3: ਭੋਜਨ ਯੋਜਨਾ: ਤੁਸੀਂ ਕਿਹੜੇ ਪਕਵਾਨਾਂ ਪੇਸ਼ ਕਰੋਗੇ? ਸਮੱਗਰੀ ਕੀ ਹੋਵੇਗੀ? ਤੁਸੀਂ ਪਕਵਾਨ ਕਿਵੇਂ ਬਣਾਉਗੇ?<br>● ਭਾਗ 4: ਮਾਰਕੀਟਿੰਗ, ਸੰਚਾਰ ਅਤੇ ਸਜਾਵਟ ਦੀ ਯੋਜਨਾ: ਰੈਸਟੋਰੈਂਟ ਦਾ ਨਾਮ ਕੀ ਹੈ? ਤੁਸੀਂ ਆਪਣੇ ਮਹਿਮਾਨਾਂ ਨੂੰ ਕਿਵੇਂ ਬੁਲਾਓਗੇ? ਇੱਕ ਮੀਨੂ ਕਿਵੇਂ ਬਣਾਓਗੇ ? |
| 50 ਮਿੰਟ | ● ਸਿੱਖਿਆਰਥੀ ਕਾਰੋਬਾਰ ਯੋਜਨਾ ਦੇ ਭਾਗ 1 ਅਤੇ 2 ਬਾਰੇ ਸੋਚਣਾ ਸ਼ੁਰੂ ਕਰ ਦੇਣਗੇ (ਸੰਕਲਪ ਅਤੇ ਤਿਆਰੀ ਕਰਨ ਵਾਲਾ ਭਾਗ)<br>● ਸਿੱਖਿਆਰਥੀ ਆਪਣੇ ਮਨਪਸੰਦ ਰੈਸਟੋਰੈਂਟ ਦੇ ਬਾਰੇ ਸੋਚਣਗੇ ਅਤੇ ਪਰਿਵਾਰਕ ਮੈਂਬਰਾਂ ਨੂੰ ਰੈਸਟੋਰੈਂਟ ਬਾਰੇ ਕੀ ਪਸੰਦ ਹੈ?<br>● ਉਹ ਇੱਕ ਉਦਾਹਰਣ ਦੇ ਸਕਦੇ ਹਨ ਕਿ ਉਹ ਕੀ ਪਸੰਦ ਕਰਦੇ ਹਨ ਅਤੇ ਫਿਰ ਉਹ ਇਸ ਭੋਜਨ ਦੇ ਤਜਰਬੇ ਨੂੰ ਖਾਸ ਬਣਾਉਣ ਲਈ ਕੋਈ ਵਿਸ਼ੇਸ਼ ਨਾਮ ਦੇ ਸਕਦੇ ਹਨ ਜਿਵੇਂ ਕਿ : |

| | |
|---|---|
| | "ਜੰਕ -ਫ਼ੂਡ " , " ਮਨਪਸੰਦ ਭੋਜਨ", "ਫਿਲਮ ਰਾਤ ਦਾ ਖਾਣਾ" ਆਦਿ।<br>● ਸਿੱਖਿਆਰਥੀ ਆਪਣੇ ਮਹਿਮਾਨਾਂ ਅਤੇ ਪਰਿਵਾਰਕ ਮੈਂਬਰਾਂ ਦੀ ਇੱਕ ਸੂਚੀ ਤਿਆਰ ਕਰਨਗੇ (ਜੇਕਰ ਉਸਨੂੰ ਨਾਮ ਲਿਖਣ ਵੇਲੇ ਕੋਈ ਮੁਸ਼ਕਲ ਆਉਂਦੀ ਹੈ ਤਾਂ ਤੁਸੀਂ ਬਿੰਦੀਆਂ ਵਾਲੀਆਂ ਲਾਈਨਾਂ ਵਿਚ ਨਾਮ ਵੀ ਲਿਖ ਸਕਦੇ ਹੋ ਅਤੇ ਸਿੱਖਿਆਰਥੀ ਨੂੰ ਨਾਮ ਦਾ ਪਤਾ ਲਗਾਉਣ ਲਈ ਕਹਿ ਸਕਦੇ ਹੋ। )<br>● ਸਿੱਖਿਆਰਥੀ ਪਰਿਵਾਰ ਦੇ ਮੈਂਬਰਾਂ ਨੂੰ ਉਨ੍ਹਾਂ ਦੇ ਪਸੰਦੀਦਾ ਭੋਜਨ ਜਾਂ ਉਸਦੇ ਤਜ਼ਰਬੇ ਬਾਰੇ ਪੁੱਛਣਗੇ।<br>● ਸਿੱਖਿਆਰਥੀ ਪਰਿਵਾਰਕ ਮੈਂਬਰ ਨਾਲ ਗੱਲਬਾਤ ਦੇ ਅਧਾਰ ਤੇ ਇਸ ਗੱਲ ਦੀ ਪੁਸ਼ਟੀ ਕਰਨਗੇ ਕਿ ਖਾਣਾ ਕਦੋਂ ਅਤੇ ਕਿੱਥੇ ਦਿੱਤਾ ਜਾਵੇਗਾ। |

## ਦੂਸਰਾ ਦਿਨ (2)

ਅੱਜ ਤੁਸੀਂ ਆਪਣੇ ਰੈਸਟੋਰੈਂਟ ਦੀ ਕਾਰੋਬਾਰੀ ਯੋਜਨਾ 'ਤੇ ਕੰਮ ਕਰਨਾ ਜਾਰੀ ਰੱਖੋਗੇ

| ਸੁਝਾਇਆ ਗਿਆ ਸਮਾਂ | ਗਤੀਵਿਧੀ ਅਤੇ ਵੇਰਵਾ |
|---|---|
| 45 ਮਿੰਟ | ● ਸਿੱਖਿਆਰਥੀ ਕਾਰੋਬਾਰੀ ਯੋਜਨਾ ਦੇ ਭਾਗ 3 (ਭੋਜਨ ਯੋਜਨਾ) 'ਤੇ ਕੰਮ ਕਰਨਗੇ।<br>● ਸਿੱਖਿਆਰਥੀ ਆਪਣੇ ਪਰਿਵਾਰ ਨਾਲ ਵਿਚਾਰ ਕਰਨਗੇ ਕਿ ਉਨ੍ਹਾਂ ਦੁਆਰਾ ਚੁਣੇ ਗਏ ਪਕਵਾਨ ਕਿਵੇਂ ਬਣਾਏ ਜਾਣ।<br>● ਸਿੱਖਿਆਰਥੀ ਲੋੜੀਂਦੀ ਸਮੱਗਰੀਆਂ ਦੀ ਸੂਚੀ ਬਣਾ ਕੇ ਜਾਂਚ ਕਰਨਗੇ ਕਿ ਇਹ ਘਰ ਵਿਚ ਉਪਲਬਧ ਹੈ ਜਾਂ ਨਹੀਂ।<br>**ਸੁਝਾਅ**: 2 ਸਧਾਰਣ ਪਕਵਾਨਾਂ ਦੀ ਚੋਣ ਕਰੋ ਜਿਸ ਵਿਚ ਵੱਧ ਤੋਂ ਵੱਧ 45 ਮਿੰਟ ਦੀ ਜ਼ਰੂਰਤ ਹੈ ਜਿਵੇਂ ਕਿ ਕੜਾਹ ਬਣਾਉਣਾ, ਖੀਰ ਬਣਾਉਣੀ। |
| 15 ਮਿੰਟ | ● ਸਿੱਖਿਆਰਥੀ ਸਾਰੇ ਪਕਵਾਨਾਂ ਦੇ ਨਾਲ ਇੱਕ ਮੀਨੂ ਨੂੰ ਡਿਜ਼ਾਈਨ ਕਰਨਗੇ ਅਤੇ ਪੇਸ਼ ਕਰਨਗੇ। |

## ਤੀਸਰਾ ਦਿਨ (3)

ਅੱਜ ਤੁਸੀਂ ਕਾਰੋਬਾਰੀ ਯੋਜਨਾ ਨੂੰ ਪੂਰਾ ਕਰੋਗੇ ਅਤੇ ਆਪਣੇ ਰੈਸਟੋਰੈਂਟ ਨੂੰ ਤਿਆਰ ਕਰੋਗੇ।

| ਸੁਝਾਇਆ ਗਿਆ ਸਮਾਂ | ਗਤੀਵਿਧੀ ਅਤੇ ਵੇਰਵਾ |
|---|---|
| 30 ਮਿੰਟ | ● ਸਿੱਖਿਆਰਥੀ ਕਾਰੋਬਾਰੀ ਯੋਜਨਾ ਦੇ ਭਾਗ 4 (ਮਾਰਕੀਟਿੰਗ, ਸੰਚਾਰ ਅਤੇ ਸਜਾਵਟ) 'ਤੇ ਕੰਮ |

| | |
|---|---|
| | ਕਰਨਗੇ ਅਤੇ ਫੀਡਬੈਕ ਫਾਰਮ ਬਣਾਉਣਗੇ।<br>● ਸਿੱਖਿਆਰਥੀ ਪੇਸ਼ ਕੀਤੇ ਜਾਣ ਵਾਲੇ ਭੋਜਨ ਦਾ ਇੱਕ "ਮਨੋਰੰਜਕ ਨਾਮ" ਸੋਚਣਗੇ।<br>● ਮਹਿਮਾਨਾਂ ਲਈ ਸੱਦਾ ਪੱਤਰ ਤਿਆਰ ਕਰੋ। |
| 10 ਮਿੰਟ | ● ਸਜਾਵਟ ਅਤੇ ਖਾਣੇ ਵਾਲੇ ਮੇਜ਼ ਦੀ ਯੋਜਨਾ ਤਿਆਰ ਕਰੋ ਜਿਸ ਵਿੱਚ ਭਾਂਡੇ ਤੇ ਪਾਣੀ ਪੀਣ ਵਾਲੇ ਗਿਲਾਸ ਆਦਿ ਸ਼ਾਮਿਲ ਹੋਣਗੇ। |
| 20 ਮਿੰਟ | ● ਸਿੱਖਿਆਰਥੀ ਇੱਕ ਫੀਡਬੈਕ ਫਾਰਮ ਤਿਆਰ ਕਰਨਗੇ।<br>ਸੁਝਾਹ : ਤਿੰਨ ਚਿਹਰੇ ਬਣਾਓ<br>1- ਦੁੱਖੀ -ਜੇ ਮਹਿਮਾਨਾਂ ਨੂੰ ਖਾਣਾ ਪਸੰਦ ਨਹੀਂ ਆਇਆ।<br>2- ਖੁਸ਼ੀ -ਜੇ ਮਹਿਮਾਨਾਂ ਨੂੰ ਖਾਣਾ ਪਸੰਦ  ਆਇਆ।<br>3- ਦਿਲ ਵਾਲਾ -ਜੇ ਮਹਿਮਾਨਾਂ ਨੂੰ ਖਾਣਾ ਬਹੁਤ ਜਿਆਦਾ ਪਸੰਦ ਆਇਆ। |

## ਚੌਥਾ ਦਿਨ (4)

ਅੱਜ ਤੁਸੀਂ ਆਪਣੇ ਪਰਿਵਾਰ ਲਈ ਖਾਣਾ ਪਕਾਓਗੇ ਅਤੇ ਪਰੋਸੋਗੇ।

| ਸੁਝਾਇਆ ਗਿਆ ਸਮਾਂ | ਗਤੀਵਿਧੀ ਅਤੇ ਵੇਰਵਾ |
|---|---|
| 2 ਘੰਟੇ | ● ਅੱਜ ਵੱਡਾ ਦਿਨ ਹੈ! ਸਿੱਖਣ ਵਾਲੇ ਸਭ ਕੁਝ ਇਕੱਠੇ ਰੱਖ ਦੇਣਗੇ ਅਤੇ ਖਾਣਾ ਬਣਾਉਣਗੇ<br>● ਸਿੱਖਿਆਰਥੀ ਜਾਂ ਤਾਂ ਖੁਦ ਭੋਜਨ ਤਿਆਰ ਕਰਨਗੇ ਜਾਂ  ਫਿਰ ਜਿਹੜਾ ਭੋਜਨ ਬਣਾ ਰਿਹਾ ਹੈ ਉਸਦੀ ਮਦਦ ਕਰਨਗੇ।<br>● ਸਿੱਖਿਆਰਥੀ ਸਜਾਵਟ ਕਰਨਗੇ।<br>● ਮਹਿਮਾਨ ਇਕੱਠੇ ਖਾਣੇ ਦਾ ਅਨੰਦ ਲੈਣਗੇ।<br>● ਸਿੱਖਿਆਰਥੀ ਫੀਡਬੈਕ ਫਾਰਮ ਨੂੰ ਸਾਂਝਾ ਕਰਨਗੇ। |

## ਪੰਜਵਾਂ ਦਿਨ (5)

ਅੱਜ ਤੁਸੀਂ ਆਪਣੇ ਪੌਪ-ਅਪ ਰੈਸਟੋਰੈਂਟ ਬਾਰੇ ਫੀਡਬੈਕ ਸੁਣੋਗੇ।

| ਸੁਝਾਇਆ ਗਿਆ ਸਮਾਂ | ਗਤੀਵਿਧੀ ਅਤੇ ਵੇਰਵਾ |
|---|---|
| 30 ਮਿੰਟ | ● ਸਿੱਖਿਆਰਥੀ ਫੀਡਬੈਕ ਦੀ ਇੱਕ ਸਾਰਣੀ ਚਾਰਟ ਬਣਾਉਣਗੇ। ਫੀਡਬੈਕ ਤੋਂ ਇਹ ਪਤਾ ਕਰਨਗੇ |

| | |
|---|---|
| | ਕਿ ਕੀ ਕੰਮ ਕੀਤਾ ਅਤੇ ਕੀ ਅਗਲੀ ਵਾਰ ਵੱਖਰਾ ਕੀਤਾ ਜਾ ਸਕਦਾ ਹੈ। |

# ASSESSMENT CRITERIA

● ਕਾਰੋਬਾਰੀ ਯੋਜਨਾ ਦੀ ਸਪਸ਼ਟਤਾ।
● ਪਕਵਾਨਾਂ, ਸਮੱਗਰੀ, ਸਜਾਵਟ ਆਦਿ 'ਤੇ ਕੀਤਾ ਗਿਆ ਕੰਮ।
● ਭੋਜਨ ਦਾ ਨਾਮ ਤੇ ਰੈਸਟੂਰੈਂਟ ਦਾ ਨਾਮ ਰੱਖਣ ਵਿਚ ਰਚਨਾਤਮਕਤਾ।
● ਖਾਣਾ ਪਕਾਉਣ ਵਿਚ ਲਗਨ।